# ਹਿੰਦੁਸਤਾਨ ਦੇ ਸਪੈਸ਼ਲ ਇਕਨੌਮਿਕ ਜ਼ੋਨ- ਲੋਕਾਂ ਦੀ ਲੁਟ ਦੇ ਅੱਡੇ

ਇਸ ਵੇਲੇ ਪੱਛਮੀ ਬੰਗਾਲ ਅਤੇ ਹਿੰਦੁਸਤਾਨ ਦੇ ਹੋਰਨਾਂ ਪ੍ਰਾਂਤਾਂ ਵਿਚ ਬਣਾਏ ਜਾ ਰਹੇ ਸਪੈਸ਼ਲ ਇਕਨੌਮਿਕ ਜ਼ੋਨਾਂ ਅਤੇ ਇਨ੍ਹਾਂ ਦੇ ਖ਼ਿਲਾਫ਼ ਕਿਸਾਨਾਂ ਅਤੇ ਆਮ ਲੋਕਾਂ ਦੇ ਤਿਖੇ ਸੰਘਰਸ਼ ਦੀ ਕਾਫੀ ਚਰਚਾ ਹੋ ਰਹੀ ਹੈ। ਪੱਛਮੀ ਬੰਗਾਲ, ਉੜੀਸਾ, ਗੁਜਰਾਤ ਅਤੇ ਪੰਜਾਬ ਸਮੇਤ ਹੋਰ ਕਈ ਰਾਜਾਂ ਵਿਚ ਵੀ ਸਰਕਾਰਾਂ ਨੇ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਇਹੋ ਜਿਹੇ ਜ਼ੋਨ ਬਣਾਉਣ ਲਈ ਕਿਸਾਨਾਂ ਦੀ ਜ਼ਮੀਨ ਕੌਡੀਆਂ ਦੇ ਭਾਅ ਖੋਹ ਕੇ ਦਿਤੀ ਹੈ ਜਾਂ ਦੇਣ ਦਾ ਫੈਸਲਾ ਕੀਤਾ ਹੈ। ਕਿਸਾਨਾਂ ਤੋਂ ਜਬਰੀ ਸਸਤੇ ਭਾਅ ਜ਼ਮੀਨਾਂ ਲੈ ਕੇ ਇਨ੍ਹਾਂ ਕੰਪਨੀਆਂ ਨੂੰ ਦੇ ਦੇਣ ਦੇ ਨਾਲ ਨਾਲ ਸਰਕਾਰ ਵਲੋਂ ਇਨ੍ਹਾਂ ਸਪੈਸ਼ਲ ਜ਼ੋਨਾਂ ਨੂੰ ਰਿਆਇਤੀ ਦਰਾਂ ਤੇ ਬਿਜਲੀ, ਪਾਣੀ, ਟੈਕਸਾਂ ਵਿਚ ਛੋਟ ਅਤੇ ਹੋਰ ਅਨੇਕਾਂ ਸਹੂਲਤਾ ਦੇਣ ਦਾ ਵੀ ਐਲਾਨ ਕੀਤਾ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਸਪੈਸ਼ਲ ਐਕਸਪੋਰਟ ਜ਼ੋਨਾਂ ਵਿਚ ਦੇਸ਼ ਦੇ ਕਈ ਕਾਨੂੰਨ ਵੀ ਨਹੀਂ ਲਾਗੂ ਹੋਣਗੇ। ਕੇਂਦਰੀ ਅਤੇ ਰਾਜ ਸਰਕਾਰਾਂ ਦੀ ਦਲੀਲ ਹੈ ਕਿ ਇਨ੍ਹਾਂ ਸਪੈਸ਼ਲ ਐਕਸਪੋਰਟ ਜ਼ੋਨਾਂ ਦੇ ਬਣਨ ਨਾਲ ਲੋਕਾਂ ਦਾ ਭਲਾ ਹੋਵੇਗਾ, ਉਨ੍ਹਾਂ ਦੇ ਰੁਜ਼ਗਾਰ ਦਾ ਮਸਲਾ ਹਲ ਹੋਵੇਗਾ ਅਤੇ ਦੇਸ਼ ਦੀ ਆਰਥਕਤਾ ਨੂੰ ਵੀ ਬਹੁਤ ਫ਼ਾਇਦਾ ਹੋਵੇਗਾ ਇਸ ਕਰਕੇ ਇਨ੍ਹਾਂ ਸਪੈਸ਼ਲ ਜ਼ੋਨਾਂ ਵਿਚ ਦੇਸੀ ਤੇ ਵਿਦੇਸ਼ੀ ਪੂੰਜੀ ਨਿਵੇਸ਼ ਨੂੰ ਆਕਰਸ਼ਤ ਕਰਨ ਲਈ ਇਹੋ ਜਿਹੀਆਂ ਸਹੂਲਤਾਂ ਦੇਣਾ ਕੋਈ ਘਾਟੇ ਦਾ ਸੌਦਾ ਨਹੀਂ।

ਲੇਕਿਨ, ਹਿੰਦੁਸਤਾਨ ਵਿਚ ਇਸ ਤਰ੍ਹਾਂ ਦੇ "ਜ਼ੋਨ" ਬਣਨ ਦੀ ਗੱਲ ਕੋਈ ਨਵੀਂ ਗੱਲ ਨਹੀਂ ਹੈ। ਈਸਟ ਇੰਡੀਆ ਕੰਪਨੀ ਨੇ ਵੀ ਕਲਕੱਤੇ ਅਤੇ ਹੋਰਨਾਂ ਥਾਂਵਾਂ ਤੇ ਇਹੋ ਜਿਹੇ ਜ਼ੋਨ ਬਣਾਏ ਸਨ। ਈਸਟ ਇੰਡੀਆ ਕੰਪਨੀ ਨੇ ਮੁਗਲ ਸ਼ਹਿਨਸ਼ਾਹ ਤੋਂ ਜਾਂ ਮੁਕਾਮੀ ਰਾਜਿਆਂ ਤੋਂ ਖ਼ਾਸ ਰਿਆਇਤਾਂ ਲਈਆਂ ਅਤੇ ਇਨ੍ਹਾਂ ਥਾਵਾਂ ਤੇ ਆਪਣੀਆਂ ਕੋਠੀਆਂ ਅਤੇ ਅਜਿਹੇ ਅਹਾਤੇ ਕਾਇਮ ਕਰ ਲਏ ਜਿੱਥੇ ਮੁਕਾਮੀ ਜਾਂ ਕੇਂਦਰੀ ਬਾਦਸ਼ਾਹ ਦਾ ਕਾਨੂੰਨ ਲਾਗੂ ਨਹੀਂ ਸੀ ਹੁੰਦਾ। ਕੰਪਨੀ ਆਸ ਪਾਸ ਦੇ ਅਤੇ ਦੂਰ ਦਰਾਜ਼ ਦੇ ਇਲਾਕਿਆਂ `ਚੋਂ ਕੌਡੀਆਂ ਦੇ ਭਾਅ ਮਾਲ ਖ਼ਰੀਦ ਕੇ ਜਾਂ ਲੁੱਟ ਕੇ ਇਨ੍ਹਾਂ ਕੋਠੀਆਂ ਤੇ ਅਹਾਤਿਆਂ ਵਿਚ ਲਿਆਉਂਦੀ ਸੀ ਤੇ ਫੇਰ ਇੰਗਲੈਂਡ ਅਤੇ ਯੂਰਪ ਦੇ ਹੋਰ ਮੁਲਕਾਂ ਵਿਚ ਵੇਚਦੀ ਸੀ ਤੇ ਵੱਡੇ ਮੁਨਾਫੇ ਖੱਟਦੀ ਸੀ। ਇਸ ਲੁਟ ਦੇ ਆਸਰੇ ਕੰਪਨੀ ਦੇ ਮਾਲਕ ਅਤੇ ਉਨ੍ਹਾਂ ਦੇ ਮੁਕਾਮੀ ਅਫਸਰ, ਜਿਵੇਂ ਕਿ ਕਲਾਈਵ ਅਤੇ ਕਈ ਹੋਰ, ਤਾਂ ਕਰੋੜਪਤੀ ਬਣ ਗਏ ਪਰ ਹਿੰਦੁਸਤਾਨੀ ਕਿਸਾਨਾਂ, ਵਪਾਰੀਆਂ ਅਤੇ ਕਾਰੀਗਰਾਂ ਦੀ ਹਾਲਤ ਹੋਰ ਵੀ ਖ਼ਰਾਬ ਹੋ ਗਈ। ਈਸਟ ਇੰਡੀਆਂ ਕੰਪਨੀ ਨੇ ਜੋ "ਫ਼ਾਇਦਾ" ਹਿੰਦੁਸਤਾਨ ਦੀ ਆਰਥਕਤਾ ਅਤੇ ਹਿੰਦੁਸਤਾਨ ਦੇ ਲੋਕਾਂ ਦੇ ਰੁਜ਼ਗਾਰ ਨੂੰ ਪਹੁੰਚਾਇਆ ਉਸ ਤੋਂ ਹਿੰਦੁਸਤਾਨ ਦੇ ਲੋਕ ਭਲੀ ਭਾਂਤ ਵਾਕਿਫ਼ ਹਨ। ਇਸੇ ਤਰ੍ਹਾਂ 19ਵੀਂ ਸਦੀ ਦੇ ਆਖ਼ੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿਚ ਅੰਗ੍ਰੇਜ਼ ਬਸਤੀਵਾਦੀਆਂ ਨੇ ਲੱਖਾਂ ਹੀ ਏਕੜ ਜ਼ਮੀਨ ਤੋਂ ਕਬਾਇਲੀ ਲੋਕਾਂ ਨੂੰ ਡੰਡੇ ਦੇ ਜ਼ੋਰ ਉਠਾ ਕੇ ਇਹ ਜ਼ਮੀਨਾਂ ਆਪਣੇ ਝੋਲੀਚੁਕਾਂ ਨੂੰ ਜਗੀਰਾਂ ਵਿਚ ਦੇ ਕੇ ਆਪਣੇ ਲਈ ਤਾਂ ਅਰਬਾ ਖਰਬਾਂ ਬਣਾਏ ਸੀ ਪਰ ਇਨ੍ਹਾਂ ਕਲੋਨੀਆਂ ਵਿਚ ਆਮ ਕਿਸਾਨਾਂ ਦਾ ਹਾਲ ਬਹੁਤ ਹੀ ਮੰਦਾ ਸੀ ਜਿਸ ਨੇ ਕਿਸਾਨਾਂ ਵਿਚ `ਪਗੜੀ ਸੰਭਾਲ ਜੱਟਾ` ਲਹਿਰ ਨੂੰ ਜਨਮ ਦਿਤਾ ਜਿਹਦੀ ਅਗਵਾਈ ਸਰਦਾਰ ਅਜੀਤ ਸਿੰਘ ਨੇ ਕੀਤੀ ਸੀ।

ਅਮਰੀਕਨ ਕੰਪਨੀਆਂ, ਜਿਵੇਂ ਕਿ ਯੁਨਾਈਟਡ ਫੂਡ ਕੰਪਨੀ ਅਤੇ ਆਈ ਟੀ ਟੀ, ਨੇ ਵੀ ਪਿਛਲੀ ਸਦੀ ਵਿਚ ਦੱਖਣੀ ਅਮਰੀਕਾ ਅਤੇ ਕੈਰੀਬਿਅਨ ਮੁਲਕਾਂ ਵਿਚ ਸਪੈਸ਼ਲ ਐਕਸਪੋਰਟ ਜ਼ੋਨ ਕਾਇਮ ਕੀਤੇ ਸਨ। ਇਸ ਨਾਲ ਅਮਰੀਕਨ ਕੰਪਨੀਆਂ ਦੇ ਮੁਨਾਫੇ ਤਾਂ ਵੱਧ ਗਏ ਸਨ ਪਰ ਇਨ੍ਹਾਂ ਮੁਲਕਾਂ ਦੇ ਲੋਕਾਂ ਨਾਲ ਬੁਰੀ ਹੀ ਹੋਈ ਸੀ।

ਹੁਣ, ਹਿੰਦੁਸਤਾਨ ਦੀ ਹਾਕਮ ਜਮਾਤਾਂ, ਉਨ੍ਹਾਂ ਦਾ ਰਾਜਤੰਤ੍ਰ, ਸਰਕਾਰਾਂ ਅਤੇ ਹੋਰ ਪ੍ਰਭਾਵਸ਼ਾਲੀ ਅਦਾਰੇ ਇਸ ਸਾਰੇ ਤਜਰਬੇ ਨੂੰ ਨਜ਼ਰ ਅੰਦਾਜ਼ ਕਰਕੇ ਲੋਕਾਂ ਵਿਚ ਭੁਲੇਖੇ ਪਾਉਣੇ ਚਾਹੁੰਦੇ ਹਨ ਕਿ ਸ਼ਾਇਦ ਇਨ੍ਹਾਂ ਸਪੈਸ਼ਲ ਐਕਸਪੋਰਟ ਜ਼ੋਨਾਂ ਦੇ ਹੁਣ ਕੁਝ ਹੋਰ ਹੀ ਨਤੀਜੇ ਨਿਕਲਣਗੇ ਅਤੇ ਇਨ੍ਹਾਂ ਨਾਲ ਲੋਕਾਂ ਨੂੰ ਦਰਪੇਸ਼ ਮਸਲੇ ਜਿਵੇਂ ਕਿ ਰੁਜ਼ਗਾਰ ਦਾ ਮਸਲਾ, ਕੁੱਲੀ, ਗੁੱਲੀ ਅਤੇ ਜੁੱਲੀ ਦੇ ਮਸਲੇ ਹਲ ਹੋ ਜਾਣਗੇ ਅਤੇ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਸ਼ੋਰ ਵਿਚ ਹਿਸਾ ਪਾਈ ਜਾ ਰਹੀਆਂ ਹਨ ਭਾਂਵੇ ਉਨ੍ਹਾਂ ਦਾ ਨਾਂ ਜਾਂ ਝੰਡੇ ਦਾ ਰੰਗ ਕਿਹੋ ਜਿਹਾ ਵੀ ਹੈ। ਮਿਸਾਲ ਦੇ ਤੌਰ ਤੇ, ਪੱਛਮੀ ਬੰਗਾਲ ਵਿਚ ਸੀਪੀਆਈ(ਐਮ) ਲਾਲ ਝੰਡੇ ਹੇਠ ਇਹੋ ਭੁਲੇਖੇ ਪਾ ਰਹੀ ਹੈ ਅਤੇ ਪੰਜਾਬ ਵਿਚ ਕਾਂਗਰਸ ਅਤੇ ਅਕਾਲੀ ਇਹੋ ਰਾਗ ਅਲਾਪ ਰਹੇ ਹਨ। ਭਾਜਪਾ ਅਤੇ ਹੋਰਨਾਂ ਪਾਰਟੀਆਂ ਦਾ ਵੀ ਇਹੋ ਹਾਲ ਹੈ।

ਇਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਦਾ ਮਕਸਦ ਹਰੇਕ ਤਰੀਕੇ ਨਾਲ ਅਮੀਰਾਂ ਦੀਆਂ ਝੋਲੀਆਂ ਭਰਨਾ ਹੀ ਹੈ। ਲੋਕਾਂ ਦੀ ਮੁਖ਼ਾਲਫ਼ਤ ਦੀ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ। ਮਿਸਾਲ ਦੇ ਤੌਰ ਤੇ, ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਪੈਸ਼ਲ ਇਕਨੌਮਿਕ ਜ਼ੋਨ ਕਾਇਮ ਕਰਨ ਦਾ ਫੈਸਲਾ ਕਿਸੇ ਵੀ ਹਾਲਤ ਵਿਚ ਨਹੀਂ ਬਦਲਿਆ ਜਾਵੇਗਾ। ਇਹੋ ਗੱਲ ਕੁਝ ਦਿਨ ਪਹਿਲਾਂ ਸਿੰਗੂਰ ਦੇ ਟਾਟਾ ਕਾਰ ਪਲਾਂਟ ਬਾਰੇ ਪੱਛਮੀ ਬੰਗਾਲ ਦੇ ਮਾਰਕਸੀ ਮੁਖ ਮੰਤਰੀ ਬੁਧਦੇਵ ਭੱਟਾਚਾਰੀਆ ਨੇ ਵੀ ਕਹੀ ਸੀ ਕਿ ਟਾਟੇ ਨਾਲ ਕੀਤਾ ਗਿਆ ਕਾਰ ਫੈਕਟਰੀ ਬਣਾਉਣ ਲਈ ਜ਼ਮੀਨ ਦੇਣ ਦਾ ਵਾਅਦਾ ਜ਼ਰੂਰ ਹੀ ਪੂਰਾ ਕੀਤਾ ਜਾਵੇਗਾ ਭਾਵੇਂ ਕੁਝ ਵੀ ਹੋ ਜਾਵੇ। ਇਥੇ ਪੱਛਮੀ ਬੰਗਾਲ ਸਰਕਾਰ ਨੇ ਚਾਰ ਸੌ ਹੈਕਟੇਅਰ ਜ਼ਮੀਨ ਕਿਸਾਨਾਂ ਤੋਂ 140 ਕ੍ਰੋੜ ਰੁਪਏ ਦੇ ਕੇ ਜਬਰੀ ਖ਼ਰੀਦ ਲਈ ਹੈ ਅਤੇ ਫੇਰ ਇਹੋ ਜ਼ਮੀਨ ਟਾਟਾ ਗਰੁਪ ਨੂੰ ਸਿਰਫ਼ ਵੀਹ ਕ੍ਰੋੜ ਰੁਪਏ ਵਿਚ ਕੌਡੀਆਂ ਦੇ ਭਾਅ ਦੇ ਦਿਤੀ, ਅਤੇ ਇਹਦੇ ਲਈ ਪੰਜ ਸਾਲ ਵਾਸਤੇ 0.1 ਫ਼ੀ ਸਦੀ ਦੀ ਵਿਆਜ

ਦਰ ਤੇ ਬਹੁਤ ਹੀ ਸਸਤਾ ਕਰਜ਼ਾ ਵੀ ਟਾਟੇ ਨੂੰ ਦਿਤਾ ਗਿਆ ਹੈ। ਦੂਸਰੇ ਪਾਸੇ, ਗ਼ਰੀਬ ਪੇਂਡੂ ਔਰਤਾਂ ਨੂੰ ਨਿਕੇ ਮੋਟੇ ਕਾਰੋਬਾਰਾਂ ਲਈ ਨਿਕੇ ਨਿਕੇ ਕਰਜ਼ੇ ਵੀ 24ਫ਼ੀ ਸਦੀ ਦੀ ਵਿਆਜ ਦਰ ਤੇ ਦਿਤੇ ਜਾਂਦੇ ਹਨ। ਕੇਰਲਾ ਦੀ ਕਮਿਉਨਿਸਟ ਸਰਕਾਰ ਵੀ ਬੜੇ ਜ਼ੋਰ ਸ਼ੋਰ ਨਾਲ ਸਪੈਸ਼ਲ ਇਕਨੌਮਿਕ ਜ਼ੋਨ ਬਣਾਉਣ ਦੀਆਂ ਗੱਲਾਂ ਕਰ ਰਹੀ ਹੈ। ਇਹ ਸਾਰੀ ਗੱਲਬਾਤ ਸਾਬਤ ਕਰਦੀ ਹੈ ਕਿ ਲੋਕਾਂ ਨੂੰ ਲੁੱਟ ਕੇ ਅਮੀਰਾਂ ਦੀਆਂ ਝੋਲੀਆਂ ਭਰਨ ਵਿਚ ਸੱਭ ਸਿਆਸੀ ਪਾਰਟੀਆਂ ਇਕ ਦੂਸਰੇ ਤੋਂ ਮੂਹਰੇ ਹੋਣ ਦਾ ਯਤਨ ਕਰਦੀਆਂ ਹਨ।

ਲੇਕਿਨ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਰਾਜਤੰਤ੍ਰ ਦੀ ਇਸ ਮਾਰੂ ਨੀਤੀ ਖ਼ਿਲਾਫ਼ ਕਿਸਾਨ ਤੇ ਹੋਰ ਲੋਕ ਇਕਮੁੱਠ ਹੋ ਕੇ ਲਾਮਬੰਦ ਹੋ ਰਹੇ ਹਨ ਅਤੇ ਨੰਦੀਗ੍ਰਾਮ, ਸਿੰਗੁਰ ਅਤੇ ਰਾਏਗੜ ਵਾਂਗ ਥਾਂ ਥਾਂ ਤੇ ਘੋਲ ਚਲਾ ਰਹੇ ਹਨ। ਓਹ ਜਾਣਦੇ ਹਨ ਕਿ ਇਨ੍ਹਾਂ ਸਪੈਸ਼ਲ ਐਕਸਪੋਰਟ ਜ਼ੋਨਾਂ ਨਾਲ ਉਨ੍ਹਾਂ ਦਾ ਭਲਾ ਨਹੀਂ ਹੋਵੇਗਾ ਬਲਕਿ ਉਨ੍ਹਾਂ ਦੀ ਲੁੱਟ ਹੋਰ ਵੀ ਤੇਜ਼ ਹੋਵੇਗੀ। ਲੋਕ ਆਪਣੀ ਤਾਕਤ, ਏਕਤਾ ਅਤੇ ਆਪਣੀ ਸੇਧ ਨਾਲ ਹੀ ਆਪਣੇ ਮਸਲੇ ਹਲ ਕਰ ਸਕਦੇ ਹਨ। ਹਾਕਮ ਜਮਾਤਾਂ ਅਤੇ ਰਾਜਤੰਤ੍ਰ ਦਾ ਹਰ ਕਦਮ ਉਨ੍ਹਾਂ ਲਈ ਮਾਰੂ ਹੀ ਹੈ। ਲੋਕ ਆਪਣੇ ਸੰਘਰਸ਼ ਨਾਲ ਹੀ ਰਾਜਤੰਤ੍ਰ ਅਤੇ ਸਰਕਾਰ ਵਲੋਂ ਅਮੀਰਾਂ ਦੀਆਂ ਜੇਬਾਂ ਭਰਨੀਆਂ ਬੰਦ ਕਰਕੇ ਆਪਣੇ ਹੱਕਾਂ ਦੀ ਰਾਖੀ ਕਰ ਸਕਦੇ ਹਨ। ਰਾਜਤੰਤ੍ਰ, ਸਰਕਾਰ ਅਤੇ ਕਿਸੇ ਵੀ ਸਿਆਸੀ ਪਾਰਟੀ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਲੋਕਾਂ ਦੇ ਮਸਲੇ ਹੱਲ ਕਰਨਗੇ। ਇਹ ਸਾਰੇ ਤਾਂ ਲੋਕਾਂ ਦੇ ਹੱਕਾਂ ਤੇ ਸੱਟ ਹੀ ਮਾਰਦੇ ਹਨ।